ਵੱਲੋਂ

ਡਾਇਰੈਕਟਰ
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਨੈਸ਼ਨਲ ਇਨਫਰਮੈਟਿਕ ਸੈਂਟਰ,
ਪੰਜਾਬ ਸਟੇਟ ਯੂਨਿਟ, ਕਮਰਾ ਨੰ: 109,
ਮਿੰਨੀ ਸਕੱਤਰੇਤ, ਸੈਕਟਰ-9,ਚੰਡੀਗੜ੍ਹ।

ਮੀਮੋ ਨੰ: ਟੀਈ/ 620 /ਸਕਾਲਰਸਿਪ/ 30/9/14
ਮਿਤੀ:

ਵਿਸ਼ਾ: **Temporary Rejection ਦੀ ਸਹੂਲਤ ਮੁਹੱਈਆ ਕਰਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਲਗਭਗ ਸਾਰੀਆਂ ਸੈਕਸ਼ਨਿੰਗ ਅਥਾਰਟੀਆਂ ਵੱਲੋਂ ਲਾਈਨ ਵਿਭਾਗ ਨੂੰ ਵਾਰ-2 ਟੈਲੀਫੋਨ ਰਾਹੀਂ ਅਤੇ ਈ.ਮੇਲਜ਼ ਰਾਹੀਂ ਪੁੱਛਿਆ ਜਾ ਰਿਹਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਵੱਲੋਂ ਆਨਲਾਈਨ ਅਪਲਾਈ ਕਰਨ ਸਮੇਂ ਆਨਲਾਈਨ ਫਾਰਮ ਵਿੱਚ ਕਿਸੇ ਤਰ੍ਹਾਂ ਦੀ ਕੋਈ ਗਲਤੀ ਕਰ ਦਿੱਤੀ ਜਾਂਦੀ ਹੈ ਅਤੇ ਉਸ ਉਪਰੰਤ ਫਾਰਮ ਲਾਕ ਕਰਕੇ ਆਪਣੀ ਸੰਸਥਾ ਨੂੰ ਆਨਲਾਈਨ ਭੇਜ਼ ਦਿੰਦੇ ਹਨ ਅਤੇ ਇਸ ਉਪਰੰਤ ਸੰਸਥਾਵਾਂ ਵੱਲੋਂ ਵਿਦਿਆਰਥੀਆਂ ਦੇ ਆਨਲਾਈਨ ਫਾਰਮ ਉਸੇ ਤਰ੍ਹਾਂ ਹੀ ਸੈਕਸ਼ਨਿੰਗ ਅਥਾਰਟੀਆਂ ਨੂੰ ਫਾਰਵਰਡ ਕਰ ਦਿੱਤੇ ਜਾਂਦੇ ਹਨ। ਇੱਥੇ ਇਹ ਵੇਖਣ ਵਿੱਚ ਆਇਆ ਹੈ ਕਿ ਸੈਕਸ਼ਨਿੰਗ ਅਥਾਰਟੀਆਂ ਵੱਲੋਂ ਫਾਰਮਾਂ ਦੀ ਪ੍ਰੋਸੈਸਿੰਗ ਦੌਰਾਨ ਵਿਦਿਆਰਥੀਆਂ ਵੱਲੋਂ ਆਨਲਾਈਨ ਫਾਰਮ ਵਿੱਚ ਕਈਂ ਤਰ੍ਹਾਂ ਦੀਆਂ ਤਰੁੱਟੀਆਂ ਪਾਈਆਂ ਜਾਂਦੀਆਂ ਹਨ। ਇਸ ਲਈ ਸੈਕਸ਼ਨਿੰਗ ਅਥਾਰਟੀਆਂ ਵੱਲੋਂ ਚਾਹਿਆ ਗਿਆ ਹੈ ਕਿ ਉਨ੍ਹਾਂ ਨੂੰ ਫਾਰਮਾਂ ਵਿੱਚ Temporary Rejection ਦੀ ਸਹੂਲਤ ਤੁਰੰਤ ਮੁਹੱਈਆ ਕਰਵਾਈ ਜਾਵੇ ਤਾਂ ਜੋ ਵਿਦਿਆਰਥੀਆਂ/ਸੰਸਥਾਵਾਂ ਪਾਸੋਂ ਫਾਰਮਾਂ ਵਿੱਚ ਲੋੜੀਂਦੀ ਸੋਧ ਕਰਵਾ ਕੇ ਦੁਬਾਰਾ ਆਨਲਾਈਨ ਫਾਰਮ ਮੰਗਵਾਏ ਜਾ ਸਕਣ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ, ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ:ਟੀਈ/ 621-23 ਵੈਬ-ਪੋਰਟਲ/ਸਕਾਲਸ਼ਿਪ ਮਿਤੀ: 30/09/2014

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ,ਐਸ.ਸੀ.ਓ. ਨੰ: 128-29, ਸੈਕਟਰ 34-ਏ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਨੁਸਾਰ ਲੋੜੀਂਦਾ ਉਪਬੰਧ ਤੁਰੰਤ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।
2. ਸਮੂਹ 28 ਸੈਕਸ਼ਨਿੰਗ ਅਥਾਰਟੀਆਂ।
3. ਪ੍ਰੋਗਰਾਮਰ (ਮੁੱਖ ਦਫ਼ਤਰ) ਨੂੰ ਪੱਤਰ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਚੰਡੀਗੜ੍ਹ।